# ਮਹਿੰਦਰ ਸਿੰਘ ਰੰਧਾਵਾ ਲਾਇਬਰੇਰੀ
# ਪੰਜਾਬ ਖੇਤੀਬਾੜੀ ਯੂਨੀਵਰਸਿਟੀ



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਾਇਬਰੇਰੀ ਸਾਲ 1959 ਵਿੱਚ ਖੇਤੀਬਾੜੀ ਕਾਲਜ ਵਿਖੇ ਸਿਰਫ਼ 200 ਕਿਤਾਬਾਂ ਨਾਲ ਹੋਂਦ ਵਿੱਚ ਆਈ। ਇਸ ਵੇਲੇ ਵਿੱਦਿਆ ਦਾ ਇਹ ਸੁੰਦਰ ਮੰਦਰ ਪੰਜ ਮੰਜ਼ਲੀ ਇਮਾਰਤ ਦੇ ਰੂਪ ਵਿੱਚ 93,320 ਵਰਗ ਫੁੱਟ ਦੇ ਘੇਰੇ ਵਿੱਚ ਘਣੀ ਹਰਿਆਲੀ ਅਤੇ ਸਜਾਵਟੀ ਬੂਟਿਆਂ ਨਾਲ ਘਿਰਿਆ ਹੈ। ਇਸ ਦਾ ਪ੍ਰਦੂਸ਼ਣ ਰਹਿਤ ਆਲਾ-ਦੁਆਲਾ ਅਤੇ ਦਿੱਲ-ਖਿੱਚ ਫੁਹਾਰੇ ਮਨ ਮੋਹ ਲੈਂਦੇ ਹਨ। ਵਾਯੂ ਅਨੁਕੂਲਿਤ ਪੜ੍ਹਨ ਵਾਲੇ ਹਾਲ ਪੜ੍ਹਾਈ ਲਈ ਸੁਖਾਵਾ ਮਾਹੌਲ ਪ੍ਰਦਾਨ ਕਰਦੇ ਹਨ ਅਤੇ ਪਾਠਕਾਂ ਦੀ ਖਿੱਚ ਦਾ ਕਾਰਨ ਹਨ। ਇਹ ਇਲਾਕੇ ਦੀਆਂ ਬਹੁਤ ਵਧੀਆ ਲਾਇਬਰੇਰੀਆਂ ਵਿੱਚੋ ਇੱਕ ਹੈ ਜੋ ਕਿ ਵਿਦਵਾਨਾਂ, ਯੂਨੀਵਰਸਿਟੀ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਅਥਾਹ ਗਿਆਨ ਦਾ ਸਰੋਤ ਹੈ। ਇਸ ਲਾਇਬਰੇਰੀ ਦੇ ਛੇ ਪੜ੍ਹਨ ਵਾਲੇ ਹਾਲ ਹਨ ਜਿਹਨਾਂ ਵਿੱਚ 860 ਪਾਠਕ ਬੈਠ ਕੇ ਪੜ੍ਹ ਸਕਦੇ ਹਨ। ਲਾਇਬਰੇਰੀ ਦਾ ਸਾਰਾ ਕੰਮ ਕੰਪਿਊਟਰ ਰਾਹੀ ਹੋ ਰਿਹਾ ਹੈ ਅਤੇ ਇਸ ਦਾ ਮੁੱਖ ਮੰਤਵ ਪਾਠਕਾਂ ਨੂੰ ਵਧੀਆ ਗਿਆਨ ਤੇ ਸੂਚਨਾ ਦੇਣਾ ਅਤੇ ਤਕਨਾਲੋਜੀ, ਆਟੋਮੇਸ਼ਨ ਅਤੇ ਨੈਟਵਰਕਿੰਗ ਰਾਹੀ ਹੋਰ ਬਿਹਤਰ ਸੇਵਾਵਾਂ ਪ੍ਰਦਾਨ ਕਰਨਾ ਹੈ।

# ਲਾਇਬਰੇਰੀ ਦੇ ਨਿਯਮ ਅਤੇ ਵਿਨਿਯਮ

| | |
|---|---|
| 1 | ਲਾਇਬਰੇਰੀ ਸਮਾਂ-ਸਾਰਣੀ |
| 2 | ਲਾਇਬਰੇਰੀ ਵਰਤਣ ਦੇ ਅਧਿਕਾਰ |
| 3 | ਕਿਤਾਬਾਂ, ਦਸਤਾਵੇਜ ਅਤੇ ਕੰਪਿਊਟਰ ਅਧਾਰਿਤ ਸੇਵਾਵਾਂ |
| 4 | ਲਾਇਬਰੇਰੀ ਸੇਵਾਵਾਂ |
| 5 | ਮੈਂਬਰ ਬਣਨ ਬਾਰੇ |
| 6 | ਕਿਤਾਬਾਂ ਅਤੇ ਦਸਤਾਵੇਜ ਜਾਰੀ ਕਰਨ ਬਾਰੇ |
| 7 | ਮਿਆਦੋਂ-ਲੰਘੇ ਕਿਤਾਬਾਂ ਅਤੇ ਦਸਤਾਵੇਜਾਂ ਤੇ ਜੁਰਮਾਨੇ ਬਾਰੇ ਅਤੇ /ਸਾਮਾਨ ਗੁੰਮਣ ਬਾਰੇ |
| 8 | ਫੋਟੋਸਟੇਟ ਸੇਵਾਵਾਂ |
| 9 | ਲਾਇਬਰੇਰੀ ਆਡੀਟੋਰੀਅਮ |
| 10 | ਰਿਸਰਚ ਕੈਰਲ |
| 11 | ਰੀਡਿੰਗ ਹਾਲ |
| 12 | ਸਰਵਜਨਕ |

1. ਲਾਇਬਰੇਰੀ ਸਮਾਂ-ਸਾਰਣੀ :

| |
|---|
| ਜਨਵਰੀ ਅਤੇ ਫਰਵਰੀ : ਸਵੇਰੇ 9.00 ਤੋ ਸ਼ਾਮ 8.00 ਵਜੇ ਤੱਕ |
| ਮਾਰਚ ਤੋਂ ਦਸੰਬਰ ਤੱਕ : ਸਵੇਰੇ 9.00 ਤੋ ਸ਼ਾਮ 9.00 ਵਜੇ ਤੱਕ |
| ਸ਼ਨੀਵਾਰ, ਐਤਵਾਰ, ਗਜ਼ਟਿਡ /ਰਾਖਵੀਆਂ ਛੁੱਟੀਆਂ ਅਤੇ ਸਮੈਸਟਰ ਬ੍ਰੇਕ : ਸਵੇਰੇ 9.00 ਤੋ ਸ਼ਾਮ 5.00 ਤੱਕ |
| ਲਾਇਬਰੇਰੀ ਬੰਦ ਰਹਿਣ ਦੇ ਦਿਨ : ਗਣਤੰਤਰ ਦਿਵਸ, ਆਜ਼ਾਦੀ ਦਿਵਸ, ਦੀਵਾਲੀ ਅਤੇ ਹੋਲੀ |
| ਨੋਟ : ਯੂਨੀਵਰਸਿਟੀ ਲਾਇਬਰੇਰੀਅਨ ਦੇ ਹੁਕਮਾਂ ਅਨੁਸਾਰ ਸਮੇਂ ਵਿੱਚ ਤਬਦੀਲੀ ਹੋ ਸਕਦੀ ਹੈ। |

2. **ਲਾਇਬਰੇਰੀ ਵਰਤਣ ਦੇ ਅਧਿਕਾਰ** :

ਲਾਇਬਰੇਰੀ ਪ੍ਰਾਥਮਿਕ ਤੌਰ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਟਾਫ ਅਤੇ ਵਿਦਿਆਰਥੀਆਂ ਲਈ ਹੈ। ਉਹ ਨਿਯਮਾਂ ਵਿੱਚ ਰਹਿ ਕੇ ਕਿਤਾਬਾਂ, ਦਸਤਾਵੇਜਾਂ, ਸਹੂਲਤਾਂ ਅਤੇ ਸੇਵਾਵਾਂ ਦਾ ਪ੍ਰਯੋਗ ਕਰ ਸਕਦੇ ਹਨ। ਉਪਰੋਕਤ ਤੋਂ ਇਲਾਵਾ ਦੂਸਰੇ ਪਾਠਕ ਵੀ ਯੂਨੀਵਰਸਿਟੀ ਲਾਇਬਰੇਰੀਅਨ ਦੀ ਮਨਜ਼ੂਰੀ ਨਾਲ ਲਾਇਬਰੇਰੀ ਦੀ ਵਰਤੋਂ ਕਰ ਸਕਦੇ ਹਨ।

3. **ਕਿਤਾਬਾਂ, ਦਸਤਾਵੇਜ ਅਤੇ ਕੰਪਿਊਟਰ ਅਧਾਰਿਤ ਸੇਵਾਵਾਂ :**

ਪਾਠਕ ਲਾਇਬਰੇਰੀ ਵਿੱਚ ਪਈਆਂ ਕਿਤਾਬਾਂ ਅਤੇ ਜਰਨਲਾਂ ਨੂੰ ਬੇਰੋਕ ਟੋਕ ਪੜ੍ਹ ਸਕਦੇ ਹਨ। ਪਰ ਖੋਜ ਪੱਤਰ (ਥੀਸਸ) ਨਿਰਧਾਰਿਤ ਕਮਰੇ ਵਿੱਚ ਹੀ ਪੜ੍ਹ ਸਕਦੇ ਹਨ। ਕੰਪਿਊਟਰ ਅਧਾਰਿਤ ਸੇਵਾਵਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਟਾਫ਼ ਅਤੇ ਵਿਦਿਆਰਥੀਆਂ ਲਈ ਮੁਫ਼ਤ ਉਪਲਬਧ ਹਨ।

4. **ਲਾਇਬਰੇਰੀ ਸੇਵਾਵਾਂ :**

ਪਾਠਕ ਕਿਤਾਬਾਂ, ਜਰਨਲ ਅਤੇ ਲੋੜੀਦੀ ਜਾਣਕਾਰੀ ਲੱਭਣ ਲਈ, ਗ੍ਰੰਥ ਸੂਚੀ ਤਿਆਰ ਕਰਨ ਲਈ ਲਾਇਬਰੇਰੀ ਸਟਾਫ ਦੀ ਮਦਦ ਲੈ ਸਕਦੇ ਹਨ। ਜਿਹੜੀਆਂ ਕਿਤਾਬਾਂ ਅਤੇ ਜਰਨਲ ਇਸ ਲਾਇਬਰੇਰੀ ਵਿੱਚ ਨਹੀ ਹਨ, ਉਹ ਦੂਜੀਆਂ ਲਾਇਬਰੇਰੀਆਂ ਵਿੱਚੋਂ ਇੰਟਰ ਲਾਇਬਰੇਰੀ ਲੋਨ ਦੇ ਅਧਾਰ ਤੇ ਇਸ ਲਾਇਬਰੇਰੀ ਰਾਹੀ ਮੰਗਵਾਏ ਜਾ ਸਕਦੇ ਹਨ। ਡਾਕ ਖਰਚਾ ਪਾਠਕ ਦੇਣਾ ਪਵੇਗਾ।

ਮੈਬਰ ਨਵੀਆਂ ਕਿਤਾਬਾਂ/ ਜਰਨਲ ਆਦਿ ਖਰੀਦਣ ਲਈ ਸਿਫਾਰਿਸ਼ ਕਰ ਸਕਦੇ ਹਨ ਅਤੇ ਲਾਇਬਰੇਰੀ ਸੇਵਾਵਾਂ ਹੋਰ ਬਿਹਤਰ ਬਨਾਉਣ ਲਈ ਆਪਣੇ ਸੁਝਾਅ ਦਸਤਖਤ ਕਰਕੇ ਸਰਕੂਲੇਸ਼ਨ ਕਾਊਟਰ ਤੇ ਰੱਖੀ ਸੁਝਾਅ-ਪੇਟੀ ਵਿੱਚ ਪਾ ਸਕਦੇ ਹਨ।

5 **ਮੈਬਰ ਬਣਨ ਬਾਰੇ :**

ਸਿਰਫ ਲਾਇਬਰੇਰੀ ਮੈਂਬਰ ਹੀ ਕਿਤਾਬਾਂ ਜਾਰੀ (ਈਸ਼ੂ) ਕਰਵਾਉਣ ਲਈ ਅਧਿਕਾਰਿਤ ਹਨ। ਯੂਨੀਵਰਸਿਟੀ ਦੇ ਅਧਿਆਪਕ, ਵਿਦਿਆਰਥੀ ਅਤੇ ਨਾਨ-ਟੀਚਿੰਗ ਸਟਾਫ਼ ਨਿਰਧਾਰਤ ਫਾਰਮ ਭਰ ਕੇ ਤੇ ਨਾਲ ਹੀ ਇਸ ਦੇ ਨਿਯਮਾਂ ਮੰਨਣ ਲਈ ਵਚਨਵੱਧ ਰਹਿਣ ਦੀ ਸਹਿਮਤੀ ਦੇ ਕੇ, ਲਾਇਬਰੇਰੀ ਦੇ ਮੈਂਬਰ ਬਣ ਸਕਦੇ ਹਨ।

ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ, ਦੇ ਅਧਿਆਪਕ ਅਤੇ ਵਿਦਿਆਰਥੀ ਵੀ ਇਸ ਲਾਇਬਰੇਰੀ ਦੇ ਮੈਂਬਰਸ਼ਿਪ ਬਣ ਸਕਦੇ ਹਨ। ਇਸ ਲਈ ਉਹ ਨਿਰਧਾਰਤ ਫਾਰਮ ਭਰ ਕੇ ਸੰਬੰਧਿਤ ਡੀਨ/ਡਾਇਰੈਕਟਰ/ਵਿਭਾਗ ਦੇ ਮੁਖੀ ਤੋ ਇਸ ਇਕਰਾਰਨਾਮੇ ਨਾਲ ਸਿਫਾਰਿਸ਼ ਕਰਵਾ ਕੇ ਭੇਜਣਗੇ ਕਿ ਕਰਮਚਾਰੀ ਦਾ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵੱਲੋਂ ਫਾਇਨਲ ਨਾ ਬਕਾਇਆ ਸਰਟੀਫਿਕੇਟ ਮਹਿੰਦਰ ਸਿੰਘ ਰੰਧਾਵਾ ਲਾਇਬਰੇਰੀ ਤੋਂ ਨਾ ਬਕਾਇਆ ਸਰਟੀਫਿਕੇਟ ਲੈਣ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ।

ਉਪਰੋਕਤ ਤੋ ਇਲਾਵਾ ਹੋਰ ਪਾਠਕ ਵੀ ਯੂਨੀਵਰਸਿਟੀ ਲਾਇਬਰੇਰੀਅਨ ਦੀ ਆਗਿਆ ਨਾਲ, ਲਾਇਬਰੇਰੀ ਦੇ ਨਿਯਮਾਂ ਪਾਲਣਾ ਦੀ ਵਚਨਬੱਧਤਾ ਦੇ ਕੇ ਹੇਠ ਲਿਖੀ ਅਦਾਇਗੀ ਕਰ ਕੇ ਮੈਂਬਰਸ਼ਿਪ ਬਣ ਸਕਦੇ ਹਨ :

ੳ. ਸਪੈਸ਼ਲ ਮੈਂਬਰਸ਼ਿਪ

| | | |
|---|---|---|
| **1** | **ਪੀ.ਏ.ਯੂ. ਦੇ ਰਿਟਾਇਰਡ ਕਰਮਚਾਰੀ** | **ਮੋੜਨਯੋਗ ਸਿਕਿਓਰਟੀ 250/- ਰੁਪਏ** |
| **2** | **ਕੱਚੀ ਮੈਂਬਰਸ਼ਿਪ (ਸਿਰਫ਼ ਦੇਖਣ/ਵਾਚਣ ਲਈ)** | **ੳ) ਇੱਕ ਮਹੀਨੇ ਲਈ : 1000 ਰੁਪਏ<br>ਅ) ੲ) ਛੇ ਮਹੀਨੇ ਲਈ : 5000 ਰੁਪਏ<br>ਮੋੜਨਯੋਗ ਸਿਕਿਓਰਟੀ 2500/- ਰੁਪਏ** |
| **3** | **ਪੀ.ਏ.ਯੂ. ਦੇ ਸਟਾਫ ਦੇ ਬੱਚਿਆਂ ਲਈ ਕੱਚੀ ਮੈਂਬਰਸ਼ਿਪ ਸਲਾਨਾ (ਮੈਟ੍ਰਿਕ ਪਾਸ ਜਾਂ ਘੱਟੋ-ਘੱਟ 16 ਸਾਲ ਦੀ ਉਮਰ ਹੋਵੇ)** | **500/- ਰੁਪਏ (ਸਲਾਨਾ)** |

ਲਾਇਬਰੇਰੀ ਮੈਂਬਰਸ਼ਿਪ ਕਾਰਡ ਸਿਰਫ ਅਸਲ ਮੈਂਬਰਸ਼ਿਪ ਹੀ ਵਰਤ ਸਕਦੇ ਹਨ ਤੇ ਇਹ ਕਿਸੇ ਹੋਰ ਨੂੰ ਨਹੀਂ ਦਿੱਤਾ ਜਾ ਸਕਦਾ। ਮਿਆਦ ਖਤਮ ਹੋਣ ਤੇ ਇਸ ਨੂੰ ਨਵਿਆਉਣਾ ਜ਼ਰੂਰੀ ਹੈ।

ਜੇਕਰ ਡੁਪਲੀਕੇਟ ਕਾਰਡ ਜਾਰੀ ਕੀਤਾ ਹੋਇਆ ਹੈ ਤਾਂ ਗੁਆਚਾ ਕਾਰਡ ਲੱਭਣ ਤੇ ਉਸ ਨੂੰ ਤੁਰੰਤ ਲਾਇਬਰੇਰੀ ਵਿੱਚ ਜਮਾਂ ਕਰਵਾਇਆ ਜਾਵੇ। ਅਜਿਹਾਂ ਨਾ ਕਰਨ ਅਤੇ ਇਸ ਦੀ ਦੁਰ-ਵਰਤੋਂ ਕਰਨ ਦੀ ਸੂਰਤ ਵਿੱਚ ਮੈਂਬਰਸ਼ਿਪ ਰੱਦ ਕਰ ਦਿੱਤੀ ਜਾਵੇਗੀ।

## 6. **ਕਿਤਾਬਾਂ ਅਤੇ ਦਸਤਾਵੇਜ਼ ਜਾਰੀ ਕਰਨ ਬਾਰੇ :**

ਆਮ ਦਿਨਾਂ ਵਿੱਚ ਕਿਤਾਬਾਂ ਅਤੇ ਦਸਤਾਵੇਜ਼ ਜਾਰੀ ਕਰਨ (ਈਸ਼ੂ/ਵਾਪਸੀ) ਦਾ ਸਮਾਂ : ਸਵੇਰੇ 10.00 ਤੋਂ ਸ਼ਾਮ 6.00 ਵਜੇ ਤੱਕ। ਛੁੱਟੀ ਵਾਲੇ ਦਿਨਾਂ ਵਿੱਚ ਕਿਤਾਬਾਂ ਨੂੰ ਜਾਰੀ/ਵਾਪਸੀ ਨਹੀਂ ਕੀਤੀ ਜਾਂਦੀ ਹੈ।

ਲਾਇਬਰੇਰੀ ਦੇ ਮੈਂਬਰ ਹੇਠ ਲਿਖੇ ਅਨੁਸਾਰ ਲਾਇਬਰੇਰੀ ਵਿੱਚੋ ਕਿਤਾਬਾਂ ਜਾਰੀ (ਈਸ਼ੂ) ਕਰਵਾ ਸਕਦੇ ਹਨ :

| | | |
|---|---|---|
| 1 | ਡਿਪਲੋਮਾ ਵਿਦਿਆਰਥੀ | 2 |
| 2 | ਅੰਡਰ ਗ੍ਰੈਜੂਏਟ ਵਿਦਿਆਰਥੀ | 3 |
| 3 | ਪੋਸਟ ਗ੍ਰੈਜੂਏਟ ਵਿਦਿਆਰਥੀ | 4 |
| 4 | ਨਾਨ-ਟੀਚਿੰਗ ਸਟਾਫ | 2 |
| 5 | ਰਿਸਰਚ ਫੈਲੋ, ਜੂਨੀਅਰ ਰਿਸਰਚ ਫੈਲੋ, ਸੀਨੀਅਰ ਰਿਸਰਚ ਫੈਲੋ, ਕੰਟ੍ਰੈਕਚੁਅਲ ਸਟਾਫ | 2 |
| 6 | ਟੀਚਿੰਗ ਸਟਾਫ | 8 (ਸਮੇਤ 3 ਕਿਤਾਬਾਂ ਸਮੈਸਟਰ ਲਈ) |
| 7 | ਪੀ.ਏ.ਯੂ. ਦੇ ਰਿਟਾਇਰਡ ਮੈਬਰ | 1 |
| 8 | ਗੁਰੂ ਅੰਗਦ ਦੇਵ ਵੈਟਰਿਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਅਧਿਆਪਕ | 2 |
| 9 | ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਵਿਦਿਆਰਥੀ | 1 |

*ਨੋਟ: ਕੱਚੇ/ਅਸਥਾਈ ਮੈਂਬਰਾਂ ਨੂੰ ਕਿਤਾਬਾਂ/ਦਸਤਾਵੇਜ ਜਾਰੀ ਨਹੀ ਹੋਵੇਗਾ।*

ਮਿਆਦ

| ਮਿਆਦ | ਦਸਤਾਵੇਜ਼ ਦੀ ਕਿਸਮ |
|---|---|
| 14 ਦਿਨ<br>(ਪੀ.ਏ.ਯੂ.ਅਧਿਆਪਕਾਂ ਲਈ 3 ਕਿਤਾਬਾਂ ਸਮੈਸਟਰ ਲਈ) | ਆਮ ਕਿਤਾਬਾਂ |
| ਸਿਰਫ ਰਾਤ ਵਾਸਤੇ | ਟੈਕਸਟ-ਬੁੱਕਸ ਅਤੇ ਕੰਪੀਟੀਸ਼ਨ ਬੁੱਕਸ |

*ਨੋਟ : ਰੇਅਰ ਕਿਤਾਬਾਂ, ਜਰਨਲ ਅਤੇ ਥੀਸਸ ਜਾਰੀ (ਈਸ਼ੂ) ਨਹੀਂ ਕੀਤੇ ਜਾਂਦੇ।*

**7. ਲਾਇਬਰੇਰੀ ਦਸਤਾਵੇਜ਼ ਸਮੇਂ-ਸਿਰ ਨਾ ਵਾਪਸ ਕਰਨ ਤੇ ਜੁਰਮਾਨੇ ਅਤੇ ਗੁਆਚੇ ਦਸਤਾਵੇਜ਼ਾਂ ਦੀ ਵਾਪਸੀ ਬਾਰੇ।**

I) ਲਾਇਬਰੇਰੀ ਦਸਤਾਵੇਜ਼ ਸਮੇਂ-ਸਿਰ ਨਾ ਵਾਪਸ ਕਰਨ ਤੇ ਜੁਰਮਾਨੇ: ਲਾਇਬਰੇਰੀ ਮੈਂਬਰਾਂ ਨੂੰ ਲਾਇਬਰੇਰੀ ਵਿਚੋਂ ਇਸ਼ੂ ਹੋਏ ਦਸਤਾਵੇਜ਼ ਮਿੱਥੇ ਸਮੇਂ ਤੋਂ ਜ਼ਿਆਦਾ ਸਮਾਂ ਰੱਖਣ ਤੇ ਹੇਠ ਲਿਖੇ ਅਨੁਸਾਰ ਜੁਰਮਾਨੇ ਦੀ ਅਦਾਇਗੀ ਕਰਨੀ ਪੈਂਦੀ ਹੈ।

**ੳ)**. ਆਮ ਕਿਤਾਬਾਂ :

| **ਕਿਤਾਬ ਵਾਪਸ ਕਰਨ ਵਿਚ ਦੇਰੀ ਦਾ ਸਮਾਂ** | **ਬਣਦਾ ਜੁਰਮਾਨਾ** |
|---|---|
| ਮਿੱਥੇ ਸਮੇਂ ਤੋਂ ਪਹਿਲੇ ਦੋ ਹਫਤੇ ਬਾਅਦ | 2/ਪ੍ਰਤੀ ਦਿਨ |
| ਅਗਲੇ ਦੋ ਹਫ਼ਤੇ (ਮਿੱਥੇ ਸਮੇਂ ਤੋਂ ਬਾਅਦ ਤੀਜੇ ਅਤੇ ਚੌਥੇ ਹਫ਼ਤੇ) | 10/ਪ੍ਰਤੀ ਦਿਨ |
| ਉਸ ਤੋਂ ਬਾਅਦ (ਮਿੱਥੇ ਸਮੇਂ ਦੇ ਚੌਥੇ ਹਫ਼ਤੇ ਤੋਂ ਕਿਤਾਬ ਵਾਪਸੀ ਤੱਕ) | 20/ਪ੍ਰਤੀ ਦਿਨ |

**ਅ)** ਰਾਤ ਵਾਸਤੇ ਜਾਰੀ ਕੀਤੀਆਂ ਗਈਆਂ ਕਿਤਾਬਾਂ : 1.50 ਰੁਪਿਆ ਪ੍ਰਤੀ ਘੰਟਾ ਪ੍ਰਤੀ ਦਸਤਾਵੇਜ਼।

*ਨੋਟ : ਯੂਨੀਵਰਸਿਟੀ ਲਾਇਬਰੇਰੀਅਨ ਜਾਂ ਉਹਨਾਂ ਵਲੋਂ ਅਧਿਕਾਰਿਤ ਅਧਿਕਾਰੀ ਵਾਜਬ ਕਾਰਨਾਂ ਦੇ ਅਧਾਰ ਦੇ ਜੁਰਮਾਨੇ ਵਿੱਚ ਮਾਫ਼ੀ/ਛੋਟ ਦੇ ਸਕਦਾ ਹੈ।*

## ੳ) ਗੁਆਚੇ ਲਾਇਬਰੇਰੀ ਦਸਤਾਵੇਜਾਂ ਦੀ ਵਾਪਸੀ ਬਾਰੇ :

ਲਾਇਬਰੇਰੀ ਦਸਤਾਵੇਜ ਗੁਆਚਣ ਤੇ ਹੇਠ ਲਿਖੇ ਅਨੁਸਾਰ ਕੀਮਤ ਲਈ ਜਾਂਦੀ ਹੈ :

**ਕਿਤਾਬਾਂ :**

1) ਆਮ ਕਿਤਾਬਾਂ: ਨਵੀ ਕਿਤਾਬ ਜਾਂ ਮੌਜੂਦਾ ਕੀਮਤ ਤੋਂ ਇਲਾਵਾ 30.00 ਰੁਪਏ ਪ੍ਰੋਸੈਸਿੰਗ ਚਾਰਜਿਜ਼ ਲਏ ਜਾਂਦੇ ਹਨ। ਮੌਜੂਦਾ ਕੀਮਤ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਕਿਤਾਬ ਦੀ ਅਸਲ ਕੀਮਤ ਅਤੇ ਇਸ ਦਾ 10 ਪ੍ਰਤੀਸ਼ਤ ਵਾਧਾ ਪ੍ਰਤੀ ਸਾਲ ਲਿਆ ਜਾਵੇਗਾ ਜੋ ਕਿ ਵੱਧ ਤੋ ਵੱਧ ਕਿਤਾਬ ਦੀ ਅਸਲ ਕੀਮਤ ਦਾ 4 ਗੁਣਾ ਤੱਕ ਹੀ ਹੋਵੇਗਾ। ਫਿਰ ਵੀ ਪਾਠਕ ਚਾਹੇ ਤਾਂ ਉਹ ਗੁਆਚੀ ਕਿਤਾਬ ਦਾ ਨਵਾਂ ਐਡੀਸ਼ਨ ਲੈ ਕੇ ਦੇ ਸਕਦਾ ਹੈ।

   ਜੇਕਰ ਗੁਆਚੀ ਕਿਤਾਬ ਦੀ ਕੀਮਤ ਲਾਇਬਰੇਰੀ ਵਿੱਚ ਉਪਲਬਧ ਨਹੀਂ ਹੈ ਤਾਂ ਯੂਨੀਵਰਸਿਟੀ ਲਾਇਬਰੇਰੀਅਨ ਦੁਆਰਾ ਉਸ ਦੀ ਮੁਨਾਸਿਬ ਕੀਮਤ ਨਿਰਧਾਰਿਤ ਕੀਤੀ ਜਾਵੇਗੀ।

2) ਰੇਅਰ ਅਤੇ ਰੈਫਰੈਜਸ ਕਿਤਾਬਾਂ : ਮੌਜੂਦਾ ਕੀਮਤ ਤੋਜ ਇਲਾਵਾ 150 ਰੁਪਏ ਅਤੇ 30 ਰੁਪਏ ਪ੍ਰੋਸੈਸਿੰਗ ਚਾਰਜਿਜ਼ ਦੇਣੇ ਪੈਣਗੇ। ਜੇ ਕਰ ਮਲਟੀ ਵਾਲਯੁਮ ਸੈਟ ਵਿੱਚੋਂ ਕੋਈ ਇੱਕ ਅੰਕ ਗੁਆਚ ਜਾਂਦਾ ਹੈ ਅਤੇ ਕਿਸੇ ਤਰ੍ਹਾਂ ਵੀ ਉਪਲਬਧ ਨਹੀ ਹੁੰਦਾ, ਤਾਂ ਪੂਰੇ ਸੈਟ ਦੀ ਕੀਮਤ+30 ਰੁਪਏ ਪ੍ਰੋਸੈਸਿੰਗ ਚਾਰਜਿਜ਼ ਦੇਣੇ ਪੈਣਗੇ।

ਅ) ਰਸਾਲੇ /ਜਿਲਦਬੱਧ ਪੀਰੀਓਡੀਕਲ :

1) ਜਰਨਲ ਦਾ ਇੱਕ ਅੰਕ : ਰਸਾਲੇ ਦਾ ਇੱਕ ਅੰਕ ਗੁਆਚਣ ਦੀ ਸੂਰਤ ਵਿੱਚ ਉਹੀ ਅੰਕ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਦੇਣਾ ਪਵੇਗਾ ਤੇ ਜੇਕਰ ਉਹ ਅੰਕ ਨਹੀਂ ਮਿਲਦਾ ਤਾਂ ਪੂਰੇ ਸੈਟ ਦੀ ਕੀਮਤ ਦੇਣੀ ਪਵੇਗੀ।
2) ਜਿਲਦਬੱਧ ਜਰਲਨ : ਅਕਸੈਸ਼ਨ ਹੋਏ ਜਿਲਦਬੱਧ ਜਰਲਨ ਗੁਆਚਣ ਤੇ ਉਸਦੀ ਕੀਮਤ ਦਾ ਚਾਰ ਗੁਣਾ + 75 ਰੁਪਏ ਬਤੌਰ ਪ੍ਰੋਸੈਸਿੰਗ ਚਾਰਜਿਜ਼ ਅਤੇ ਜਿਲਦ-ਸਾਜ਼ੀ ਖਰਚੇ ਦੇਣੇ ਪੈਣਗੇ।

3) ਲਾਇਬਰੇਰੀ ਮੈਂਬਰਸ਼ਿਪ ਕਾਰਡ ਗੁਆਚਣ ਬਾਰੇ : ਲਾਇਬਰੇਰੀ ਮੈਂਬਰਸ਼ਿਪ ਕਾਰਡ ਗੁਆਚਣ ਦੀ ਸੂਚਨਾ ਸਰਕੂਲੇਸ਼ਨ ਸੈਕਸ਼ਨ ਨੂੰ ਤੁਰੰਤ ਦੇਣੀ ਚਾਹੀਦੀ ਹੈ। ਡੁਪਲੀਕੇਟ ਕਾਰਡ ਲੈਣ ਲਈ 50 ਰੁਪਏ ਦੀ ਅਦਾਇਗੀ ਕਰਨੀ ਪਵੇਗੀ। ਪਰ ਫਿਰ ਵੀ ਗੁਆਚੇ ਕਾਰਡ ਤੇ ਜੇਕਰ ਕੋਈ ਕਿਤਾਬ ਜਾਰੀ (ਈਸ਼ੂ) ਹੁੰਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਮੈਂਬਰਸ਼ਿਪ ਦੀ ਹੀ ਹੈ।

8. ਫੋਟੋਸਟੇਟ ਸੇਵਾਵਾਂ :

ਪਾਠਕਾਂ ਦੀ ਸਹੂਲਤ ਲਈ ਫੋਟੋ ਕਾਪੀ ਸੇਵਾਵਾਂ ਪ੍ਰਾਈਵੇਟ ਤੌਰ ਤੇ ਲਾਇਬਰੇਰੀ ਵਿੱਚ ਹੀ ਉਪਲੱਬਧ ਹਨ ਅਤੇ ਪ੍ਰਤੀ ਫੋਟੋ ਕਾਪੀ ਦੀ ਕੀਮਤ ਸਮੇਜ ਸਮੇਜ ਤੇ ਸਮਰੱਥ ਅਧਿਕਾਰੀ ਵੱਲੋਂ ਨਿਯਤ ਕੀਤੀ ਜਾਂਦੀ ਹੈ।

9. **ਲਾਇਬਰੇਰੀ ਆਡੀਟੋਰੀਅਮ :**

ਸਰਕਾਰੀ/ਅਰਧ-ਸਰਕਾਰੀ ਵਿਭਾਗ/ਪ੍ਰਾਈਵੇਟ ਅਦਾਰੇ ਲਾਇਬਰੇਰੀ ਆਡੀਟੋਰੀਅਮ ਦੀ ਵਰਤੋਂ ਅਕਾਦਮਿਕ ਮੰਤਵ ਹੇਠ ਲਿਖੇ ਅਨੁਸਾਰ ਕਰ ਸਕਦੇ ਹਨ :

i) ਸਰਕਾਰੀ/ਅਰਧ-ਸਰਕਾਰੀ ਵਿਭਾਗਾਂ ਲਈ : **2500 ਰੁਪਏ ਪ੍ਰਤੀ ਦਿਨ ਅਤੇ 5000 ਰੁਪਏ ਮੋੜਨਯੋਗ ਸਿਕਓਰਟੀ**

ii) ਪ੍ਰਾਈਵੇਟ ਅਦਾਰੇ ਲਈ : **5000 ਰੁਪਏ ਪ੍ਰਤੀ ਦਿਨ ਅਤੇ 5000 ਰੁਪਏ ਮੋੜਨਯੋਗ ਸਿਕਓਰਟੀ**

10 **ਰਿਸਰਚ ਕੈਰਲ :**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰਿਸਰਚ ਸਕਾਲਰ, ਅਧਿਆਪਕ, ਵਿਦਿਆਰਥੀ ਅਤੇ ਰਿਟਾਇਰ ਅਧਿਆਪਕ-ਵਰਗ, ਜਿਹੜੇ ਲਾਇਬਰੇਰੀ ਦੇ ਮੈਂਬਰਸ਼ਿਪ ਹੋਣ, ਰਿਸਰਚ ਕੈਬਿਨ ਦੀਆਂ ਸੇਵਾਵਾਂ ਬਿਨਾ ਕਿਸੇ ਫੀਸ ਦੀ ਅਦਾਇਗੀ ਤੋਂ ਲੈ ਸਕਦੇ ਹਨ।

11 **ਰੀਡਿੰਗ ਹਾਲ :**

ਲਾਇਬਰੇਰੀ ਦੇ ਮੈਂਬਰਸ਼ਿਪ ਸਕਸੈਨਾ ਰੀਡਿੰਗ ਹਾਲ ਅਤੇ ਡਾ. ਕੁਲਬੀਰ ਸਿੰਘ ਗਿੱਲ ਰੀਡਿੰਗ ਹਾਲ ਦੀ ਵਰਤੋਂ ਕਰ ਸਕਦੇ ਹਨ ਜਿਹੜੇ ਕਿ ਦਿਨ-ਰਾਤ (24×7) ਖੁੱਲ੍ਹੇ ਰਹਿੰਦੇ ਹਨ।

12 ਸਰਵਜਨਕ (General):

i) ਨਿੱਜੀ ਕਿਤਾਬਾਂ ਤੇ ਛਪੇ ਦਸਤਾਵੇਜ ਆਦਿ ਲਾਇਬਰੇਰੀ ਦੇ ਅੰਦਰ ਲਿਆਉਣ ਦੀ ਮਨਾਹੀ ਹੈ।

ii) ਫਾਈਲਾਂ, ਬਰਸਾਤੀਆਂ, ਛਤਰੀਆਂ ਆਦਿ ਪ੍ਰਾਪਰਟੀ ਕਾਊਂਟਰ ਤੇ ਰੱਖੋ।

iii) ਨਿੱਜੀ ਲੈਪਟਾਪ ਦਾ ਵੇਰਵਾ ਗੇਟ ਤੇ ਪਏ ਰਜਿਸਟਰ ਵਿੱਚ ਦਰਜ ਕਰਨਾ ਜ਼ਰੂਰੀ ਹੈ।

iv) ਲਾਇਬਰੇਰੀ ਵਿੱਚੋ ਕਿਤਾਬਾਂ ਬਿਨਾਂ ਮਨਜ਼ੂਰੀ ਬਾਹਰ ਲਿਜਾਣਾ, ਕਿਤਾਬਾਂ ਤੇ ਨਿਸ਼ਾਨ ਲਗਾਉਣਾ, ਸ਼ਬਦਾਂ ਥੱਲੇ ਲਕੀਰਾ ਖਿਚਣਾ, ਕਿਤਾਬ ਜਾਂ ਲਾਇਬਰੇਰੀ ਦੀ ਕਿਸੇ ਹੋਰ ਸਮਾਨ ਨੂੰ ਕਿਸੇ ਵੀ ਤਰ੍ਹਾਂ ਖਰਾਬ ਕਰਨਾ ਅਪਰਾਧ ਹੈ ਜਿਸ ਕਰਕੇ ਲਾਇਬਰੇਰੀ ਮੈਂਬਰਸ਼ਿਪ ਰੱਦ ਕੀਤੀ ਜਾ ਸਕਦੀ ਹੈ ਅਤੇ ਅਨੁਸ਼ਾਸਨੀ ਕਾਰਵਾਈ ਤੋਂ ਇਲਾਵਾ ਭਾਰੀ ਜ਼ੁਰਮਾਨਾ ਵੀ ਹੋ ਸਕਦਾ ਹੈ

v) ਬਿਨਾ ਮੈਂਬਰਸ਼ਿਪ ਕਾਰਡ ਤੋਂ ਅਤੇ ਹੋਰ ਕਿਸੇ ਦੇ ਕਾਰਡ ਤੇ ਦਸਤਾਵੇਜ ਜਾਰੀ ਨਹੀ ਹੁੰਦੇ।

vi) ਲਾਇਬਰੇਰੀ ਸਟਾਕ ਪੜਤਾਲ ਸਮੇ ਜਾਰੀ ਕੀਤੀਆਂ ਕਿਤਾਬਾਂ ਵਾਪਸ ਮੰਗਵਾਈਆਂ ਜਾ ਸਕਦੀਆਂ ਹਨ ਅਤੇ ਕਿਤਾਬਾਂ ਜਾਰੀ ਕਰਨ ਤੇ ਰੋਕ ਵੀ ਲੱਗ ਸਕਦੀ ਹੈ।

ਲਾਇਬਰੇਰੀ ਦੇ ਸਾਰੇ ਦਸਤਾਵੇਜ ਵਾਪਸ ਕਰਕੇ ਆਪਣਾ ਲਾਇਬਰੇਰੀ ਮੈਂਬਰਸ਼ਿਪ ਕਾਰਡ ਦੇ ਕੇ ਬਕਾਇਆ-ਹੀਣ ਸਰਟੀਫਿਕੇਟ ਲਿਆ ਜਾ ਸਕਦਾ ਹੈ। ਮੈਂਬਰਸ਼ਿਪ ਕਾਰਡ ਗੁਆਚਣ ਦੀ ਸੂਰਤ ਵਿੱਚ ਨਾ ਬਕਾਇਆ ਸਰਟੀਫਿਕੇਟ ਮੈਂਬਰਸ਼ਿਪ ਦੀ ਮਿਆਦ ਮੁੱਕਣ ਤੋਂ 14 ਦਿਨ ਬਾਅਦ ਹੀ ਦਿੱਤਾ ਜਾ ਸਕਦਾ ਹੈ। ਆਰਜ਼ੀ ਨਾ ਬਕਾਇਆ ਸਰਟੀਫਿਕੇਟ ਜਾਰੀ ਨਹੀ ਕੀਤਾ ਜਾ ਸਕਦਾ।

vii) ਮੈਂਬਰਸ਼ਿਪ ਦਾ ਪਤਾ ਜਾਂ ਅਹੁਦਾ ਬਦਲਣ ਦੀ ਸੂਚਨਾ ਸਰਕੂਲੇਸ਼ਨ ਸੈਕਸ਼ਨ ਵਿੱਚ ਉਸੇ ਵਕਤ ਦੇਣੀ ਚਾਹੀਦੀ ਹੈ।

viii) ਲਾਇਬਰੇਰੀ ਅੰਦਰ ਸਿਗਰਟ ਆਦਿ ਪੀਣਾ ਸਖ਼ਤ ਮਨ੍ਹਾ ਹੈ।

ਲਾਇਬਰੇਰੀ ਫੈਕਲਟੀ

| ਲੜੀ ਨੰ: | ਨਾਮ ਸਰਵ/ਸ੍ਰੀ/ਸ੍ਰੀਮਤੀ | ਅਹੁਦਾ | ਸੰਪਰਕ | ਈ-ਮੇਲ |
|---|---|---|---|---|
| 1 | ਡਾ.ਓ ਪੀ ਚੌਧਰੀ | ਯੂਨੀਵਰਸਿਟੀ ਲਾਇਬ੍ਰੇਰੀਅਨ | 98882-29768 | librarian@pau.edu |
| 2 | ਡਾ. (ਸ੍ਰੀਮਤੀ) ਯੋਗਿਤਾ ਸ਼ਰਮਾ | ਸਹਿਯੋਗੀ ਲਾਇਬਰੇਰੀਅਨ | 94176-40038 | lib-comp@pau.edu lib-technical@pau.edu |
| 3 | ਸ੍ਰੀ ਸੰਜੀਵ ਕੁਮਾਰ | ਸਹਿਯੋਗੀ ਲਾਇਬਰੇਰੀਅਨ | 98722-01171 | lib-periodical@pau.edu |
| 4 | ਡਾ.ਸੁਨੀਤੀ ਬਾਲਾ | ਸਹਾਇਕ ਲਾਇਬਰੇਰੀਅਨ | 79739-31080 | lib-acquisition@pau.edu |
| 5 | ਡਾ.(ਸ੍ਰੀਮਤੀ) ਆਰਤੀ ਸ਼ਰਮਾ | ਸਹਾਇਕ ਲਾਇਬਰੇਰੀਅਨ | 98888-81994 | lib-reference12@pau.edu |
| 6 | ਸ੍ਰੀ ਅਮਿੰਤ ਕੁਮਾਰ, | ਸਹਾਇਕ ਲਾਇਬਰੇਰੀਅਨ | 97801-00931 | lib-reference@pau.edu |